AICTE-VAANI
Sponsored Three-Day Workshop
ਪ੍ਰਾਯੋਜਿਤ ਤਿੰਨ-ਰੋਜ਼ਾ ਕਾਰਜਸ਼ਾਲਾ
In Punjabi / ਪੰਜਾਬੀ ਭਾਸ਼ਾ ਵਿੱਚ

Smart AI-based agro-food systems in Punjab

Opportunities for sustainable farming and value addition

ਪੰਜਾਬ ਵਿੱਚ ਸਮਾਰਟ ਏਆਈ ਆਧਾਰਿਤ ਅਗਰੋ-ਫੂਡ ਪ੍ਰਣਾਲੀਆਂ

ਟਿਕਾਊ ਖੇਤੀ ਅਤੇ ਮੁੱਲ ਵਧਾਉਣ ਦੇ ਅਵਸਰ

19-21 NOVEMBER 2026
19-21 ਨਵੰਬਰ 2026

Agrotech and Food Processing / ਐਗਰੋਟੈਕ ਅਤੇ ਫੂਡ ਪ੍ਰੋਸੈਸਿੰਗ

PATRON / ਸਰਪ੍ਰਸਤ
Dr. Sehijpal Singh / ਡਾ. ਸਹਿਜਪਾਲ ਸਿੰਘ
Principal, Guru Nanak Dev Engineering College
ਪ੍ਰਿੰਸੀਪਲ, ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ, ਲੁਧਿਆਣਾ

COORDINATOR / ਕੋਆਰਡੀਨੇਟਰ
Dr. K. S. Mann / ਡਾ. ਕੇ. ਐੱਸ. ਮਾਨ
HOD (IT) / ਮੁਖੀ, ਇਨਫਾਰਮੇਸ਼ਨ ਟੈਕਨੋਲੋਜੀ ਵਿਭਾਗ

CO-COORDINATOR / ਸਹਿ-ਕੋਆਰਡੀਨੇਟਰ
Dr. Amit Kamra / ਡਾ. ਅਮਿਤ ਕਾਮਰਾ
Associate Professor (IT) / ਐਸੋਸੀਏਟ ਪ੍ਰੋਫੈਸਰ (ਆਈ.ਟੀ.)

Organized by: Department of Information Technology
ਆਯੋਜਕ: ਇਨਫਾਰਮੇਸ਼ਨ ਟੈਕਨੋਲੋਜੀ ਵਿਭਾਗ

Guru Nanak Dev Engineering College
ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ
Gill Park, Ludhiana-141006, Punjab
ਗਿੱਲ ਪਾਰਕ, ਲੁਧਿਆਣਾ-141006, ਪੰਜਾਬ

About the institute
ਸੰਸਥਾ ਬਾਰੇ

Guru Nanak Dev Engineering College (GNDEC), Ludhiana, is among India's oldest engineering institutions, committed to quality education and the upliftment of rural youth. Its foundation stone was laid by Dr. Rajendra Prasad, President of India, on 8 April 1956.

Affiliated with I.K. Gujral Punjab Technical University (IKGPTU), GNDEC was Punjab's first engineering college to receive UGC autonomous status in 2012. It is recognised under Sections 2(f) and 12(B) of the UGC Act, 1956, and has NAAC 'A' grade and TCS accreditation. Its 88-acre campus lies on the Ludhiana-Malerkotla highway. The institute offers seven B.Tech., thirteen M.Tech., MBA and MCA programmes and is a QIP centre for Ph.D.

ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ (GNDEC), ਲੁਧਿਆਣਾ, ਭਾਰਤ ਦੇ ਸਭ ਤੋਂ ਪੁਰਾਣੇ ਇੰਜੀਨੀਅਰਿੰਗ ਸੰਸਥਾਨਾਂ ਵਿੱਚੋਂ ਇੱਕ ਹੈ। ਇਹ ਮਿਆਰੀ ਸਿੱਖਿਆ ਅਤੇ ਪੇਂਡੂ ਨੌਜਵਾਨਾਂ ਦੀ ਤਰੱਕੀ ਲਈ ਸਮਰਪਿਤ ਹੈ। ਕਾਲਜ ਦੀ ਨੀਂਹ 8 ਅਪ੍ਰੈਲ 1956 ਨੂੰ ਭਾਰਤ ਦੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਨੇ ਰੱਖੀ ਸੀ।

IKGPTU ਨਾਲ ਸੰਬੰਧਿਤ ਇਹ ਕਾਲਜ 2012 ਵਿੱਚ UGC ਤੋਂ ਖੁਦਮੁਖਤਿਆਰ ਦਰਜਾ ਪ੍ਰਾਪਤ ਕਰਨ ਵਾਲਾ ਪੰਜਾਬ ਦਾ ਪਹਿਲਾ ਇੰਜੀਨੀਅਰਿੰਗ ਕਾਲਜ ਬਣਿਆ। ਇਸ ਨੂੰ UGC ਐਕਟ, 1956 ਦੀਆਂ ਧਾਰਾਵਾਂ 2(f) ਅਤੇ 12(B), NAAC 'A' ਗ੍ਰੇਡ ਅਤੇ TCS ਦੀ ਮਾਨਤਾ ਪ੍ਰਾਪਤ ਹੈ। 88 ਏਕੜ ਦਾ ਕੈਂਪਸ ਲੁਧਿਆਣਾ-ਮਲੇਰਕੋਟਲਾ ਹਾਈਵੇ ਉੱਤੇ ਹੈ। ਇੱਥੇ ਸੱਤ B.Tech., ਤੇਰਾਂ M.Tech., MBA ਅਤੇ MCA ਪ੍ਰੋਗਰਾਮ ਹਨ ਅਤੇ ਇਹ Ph.D. ਲਈ QIP ਕੇਂਦਰ ਵੀ ਹੈ।

About the department
ਵਿਭਾਗ ਬਾਰੇ

Established in 2001, the Department of Information Technology offers B.Tech. and M.Tech. in IT under IKGPTU, Jalandhar. It is committed to high-quality undergraduate and postgraduate education and leading-edge research. The B.Tech. (IT) programme is NBA accredited under Tier-I Washington Accord.

2001 ਵਿੱਚ ਸਥਾਪਿਤ ਇਨਫਾਰਮੇਸ਼ਨ ਟੈਕਨੋਲੋਜੀ ਵਿਭਾਗ, IKGPTU, ਜਲੰਧਰ ਅਧੀਨ IT ਵਿੱਚ B.Tech. ਅਤੇ M.Tech. ਪ੍ਰੋਗਰਾਮ ਚਲਾਉਂਦਾ ਹੈ। ਵਿਭਾਗ ਮਿਆਰੀ ਅੰਡਰਗ੍ਰੈਜੂਏਟ ਅਤੇ ਪੋਸਟਗ੍ਰੈਜੂਏਟ ਸਿੱਖਿਆ ਤੇ ਅਗੇਤਰੀ ਖੋਜ ਲਈ ਵਚਨਬੱਧ ਹੈ। B.Tech. (IT) ਪ੍ਰੋਗਰਾਮ ਨੂੰ Tier-I Washington Accord ਅਧੀਨ NBA ਦੀ ਮਾਨਤਾ ਪ੍ਰਾਪਤ ਹੈ।

Workshop objectives
ਕਾਰਜਸ਼ਾਲਾ ਦੇ ਉਦੇਸ਼

1. Improve farm productivity, quality and farmers' incomes using AI, ML and analytics, aligned with NEP 2020 and IndiaAI Mission.
   NEP 2020 ਅਤੇ IndiaAI Mission ਅਨੁਸਾਰ ਏਆਈ, ਮਸ਼ੀਨ ਲਰਨਿੰਗ ਤੇ ਡਾਟਾ ਵਿਸ਼ਲੇਸ਼ਣ ਨਾਲ ਖੇਤੀ ਉਤਪਾਦਕਤਾ, ਗੁਣਵੱਤਾ ਅਤੇ ਕਿਸਾਨਾਂ ਦੀ ਆਮਦਨ ਵਧਾਉਣਾ।
2. Promote multidisciplinary, practical, skill-based learning, digital literacy, local-language education and industry exposure.
   ਬਹੁ-ਵਿਸ਼ਾਈ, ਅਮਲੀ ਤੇ ਹੁਨਰ-ਆਧਾਰਿਤ ਸਿੱਖਿਆ, ਡਿਜ਼ਿਟਲ ਸਾਖਰਤਾ, ਸਥਾਨਕ ਭਾਸ਼ਾਵਾਂ ਵਿੱਚ ਪੜ੍ਹਾਈ ਅਤੇ ਉਦਯੋਗਿਕ ਜਾਣ-ਪਛਾਣ ਵਧਾਉਣਾ।
3. Advance AI research, data ecosystems, cloud infrastructure, agri-tech startups and employment.
   ਏਆਈ ਖੋਜ, ਡਾਟਾ ਪ੍ਰਣਾਲੀਆਂ, ਕਲਾਉਡ ਢਾਂਚੇ, ਖੇਤੀ ਸਟਾਰਟਅੱਪਸ ਅਤੇ ਰੋਜ਼ਗਾਰ ਨੂੰ ਉਤਸ਼ਾਹਿਤ ਕਰਨਾ।
4. Conserve water, soil and natural resources; increase market value through agro-processing and value addition.
   ਪਾਣੀ, ਮਿੱਟੀ ਅਤੇ ਕੁਦਰਤੀ ਸਰੋਤ ਬਚਾਉਣੇ; ਪ੍ਰੋਸੈਸਿੰਗ ਤੇ ਮੁੱਲ ਵਾਧੇ ਰਾਹੀਂ ਉਪਜ ਦੀ ਬਾਜ਼ਾਰੀ ਕੀਮਤ ਵਧਾਉਣੀ।
5. Connect academia, industry and startups to develop farmers', students' and youths' skills.
   ਸੰਸਥਾਵਾਂ, ਉਦਯੋਗ ਅਤੇ ਸਟਾਰਟਅੱਪਸ ਦੇ ਸਹਿਯੋਗ ਨਾਲ ਕਿਸਾਨਾਂ, ਵਿਦਿਆਰਥੀਆਂ ਤੇ ਨੌਜਵਾਨਾਂ ਦੇ ਹੁਨਰ ਵਿਕਸਿਤ ਕਰਨੇ।
6. Support smart agriculture, Digital India and sustainable national development.
   ਸਮਾਰਟ ਖੇਤੀ, ਡਿਜ਼ਿਟਲ ਇੰਡੀਆ ਅਤੇ ਟਿਕਾਊ ਰਾਸ਼ਟਰੀ ਵਿਕਾਸ ਵਿੱਚ ਯੋਗਦਾਨ ਪਾਉਣਾ।

Expected outcomes
ਸੰਭਾਵਿਤ ਨਤੀਜੇ

1. Understand and apply smart AI farming technologies in real situations.
   ਸਮਾਰਟ ਏਆਈ ਖੇਤੀ ਤਕਨਾਲੋਜੀਆਂ ਨੂੰ ਸਮਝਣ ਅਤੇ ਅਮਲੀ ਸਥਿਤੀਆਂ ਵਿੱਚ ਵਰਤਣ ਦੀ ਯੋਗਤਾ ਵਧੇਗੀ।
2. Practise sustainable, precision and digital farming, and agro-food value addition.
   ਟਿਕਾਊ, ਸਟੀਕ ਅਤੇ ਡਿਜ਼ਿਟਲ ਖੇਤੀ ਤੇ ਅਗਰੋ-ਫੂਡ ਮੁੱਲ ਵਾਧੇ ਦੀ ਅਮਲੀ ਜਾਣਕਾਰੀ ਮਿਲੇਗੀ।
3. Develop new research ideas and innovative projects through academic and industry collaboration.
   ਅਕਾਦਮਿਕ ਤੇ ਉਦਯੋਗਿਕ ਸਹਿਯੋਗ ਨਾਲ ਨਵੇਂ ਖੋਜ ਵਿਚਾਰ ਅਤੇ ਨਵੀਨ ਪ੍ਰੋਜੈਕਟ ਵਿਕਸਿਤ ਹੋਣਗੇ।
4. Researchers gain publication guidance, practical AI/analytics tool skills and industry networking.
   ਖੋਜਕਰਤਿਆਂ ਨੂੰ ਪ੍ਰਕਾਸ਼ਨ ਮਾਰਗਦਰਸ਼ਨ, ਏਆਈ/ਡਾਟਾ ਵਿਸ਼ਲੇਸ਼ਣ ਸਾਧਨਾਂ ਦਾ ਅਭਿਆਸ ਅਤੇ ਉਦਯੋਗਿਕ ਸੰਪਰਕ ਮਿਲਣਗੇ।
5. Faculty update knowledge, adopt innovative teaching and align skill-based courses with industry.
   ਅਧਿਆਪਕ ਨਵਾਂ ਗਿਆਨ, ਨਵੀਨ ਅਧਿਆਪਨ ਅਤੇ ਹੁਨਰ-ਆਧਾਰਿਤ ਪਾਠਕ੍ਰਮ ਉਦਯੋਗ ਦੀਆਂ ਲੋੜਾਂ ਨਾਲ ਜੋੜਨਗੇ।
6. Industry adopts AI, connects with talent and researchers, improving innovation, efficiency and productivity.
   ਉਦਯੋਗ ਏਆਈ ਅਪਣਾ ਕੇ ਨਵੇਂ ਹੁਨਰਮੰਦਾਂ ਤੇ ਖੋਜਕਰਤਿਆਂ ਨਾਲ ਜੁੜੇਗਾ; ਨਵੀਨਤਾ, ਕਾਰਜਕੁਸ਼ਲਤਾ ਅਤੇ ਉਤਪਾਦਕਤਾ ਵਧੇਗੀ।
7. Grow agriculture and agro-food through technology, skills and sustainable innovation.
   ਤਕਨਾਲੋਜੀ, ਹੁਨਰ ਅਤੇ ਟਿਕਾਊ ਨਵੀਨਤਾ ਨਾਲ ਖੇਤੀ ਤੇ ਅਗਰੋ-ਫੂਡ ਖੇਤਰ ਅੱਗੇ ਵਧਣਗੇ।

Eminent speakers
ਉੱਘੇ ਬੁਲਾਰੇ

Eminent speakers from leading institutions such as PAU, IITs, GNDEC, NITTTR and other major institutions across North India will share their perspectives on smart AI-based agriculture. Their insights will explore how emerging technologies can support sustainable farming, improve food processing and create opportunities for value addition. The workshop will encourage knowledge sharing, practical understanding and collaboration among participants to advance Punjab's evolving agro-food sector.

PAU, IITs, GNDEC, NITTTR ਅਤੇ ਉੱਤਰੀ ਭਾਰਤ ਦੀਆਂ ਹੋਰ ਪ੍ਰਮੁੱਖ ਸੰਸਥਾਵਾਂ ਦੇ ਉੱਘੇ ਮਾਹਿਰ ਸਮਾਰਟ ਏਆਈ ਆਧਾਰਿਤ ਖੇਤੀਬਾੜੀ ਬਾਰੇ ਆਪਣੇ ਵਿਚਾਰ ਸਾਂਝੇ ਕਰਨਗੇ। ਉਹ ਟਿਕਾਊ ਖੇਤੀ, ਫੂਡ ਪ੍ਰੋਸੈਸਿੰਗ ਅਤੇ ਖੇਤੀ ਉਤਪਾਦਾਂ ਦੇ ਮੁੱਲ ਵਾਧੇ ਲਈ ਨਵੀਆਂ ਤਕਨਾਲੋਜੀਆਂ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਦੇਣਗੇ। ਇਹ ਕਾਰਜਸ਼ਾਲਾ ਗਿਆਨ ਦੀ ਸਾਂਝ, ਅਮਲੀ ਸਮਝ ਅਤੇ ਆਪਸੀ ਸਹਿਯੋਗ ਰਾਹੀਂ ਪੰਜਾਬ ਦੇ ਅਗਰੋ-ਫੂਡ ਖੇਤਰ ਦੀ ਤਰੱਕੀ ਨੂੰ ਉਤਸ਼ਾਹਿਤ ਕਰੇਗੀ।

Who can participate?
ਕੌਣ ਭਾਗ ਲੈ ਸਕਦਾ ਹੈ?

This interdisciplinary workshop is open to faculty members of degree-level engineering colleges in CSE, IT, EE, ECE, Mechanical Engineering, Production Engineering, Mathematics, Physics and Computer Science Applications.

Research scholars and industry personnel working in relevant areas are also eligible.

ਇਹ ਬਹੁ-ਵਿਸ਼ਾਈ ਕਾਰਜਸ਼ਾਲਾ ਡਿਗਰੀ ਪੱਧਰ ਦੇ ਇੰਜੀਨੀਅਰਿੰਗ ਕਾਲਜਾਂ ਦੇ CSE, IT, EE, ECE, ਮਕੈਨੀਕਲ ਇੰਜੀਨੀਅਰਿੰਗ, ਪ੍ਰੋਡਕਸ਼ਨ ਇੰਜੀਨੀਅਰਿੰਗ, ਗਣਿਤ, ਭੌਤਿਕ ਵਿਗਿਆਨ ਅਤੇ ਕੰਪਿਊਟਰ ਸਾਇੰਸ ਐਪਲੀਕੇਸ਼ਨਜ਼ ਦੇ ਅਧਿਆਪਕਾਂ ਲਈ ਖੁੱਲ੍ਹੀ ਹੈ।

ਸੰਬੰਧਿਤ ਖੇਤਰਾਂ ਦੇ ਖੋਜ ਵਿਦਿਆਰਥੀ ਅਤੇ ਉਦਯੋਗਿਕ ਕਰਮਚਾਰੀ ਵੀ ਭਾਗ ਲੈ ਸਕਦੇ ਹਨ।

NO REGISTRATION FEE / ਕੋਈ ਰਜਿਸਟ੍ਰੇਸ਼ਨ ਫੀਸ ਨਹੀਂ

Conducted in Punjabi / ਕਾਰਜਸ਼ਾਲਾ ਪੰਜਾਬੀ ਭਾਸ਼ਾ ਵਿੱਚ ਹੋਵੇਗੀ

CONTACT / ਸੰਪਰਕ ਕਰੋ

Dr. Amit Kamra / ਡਾ. ਅਮਿਤ ਕਾਮਰਾ

Associate Professor (IT) and Co-coordinator
ਐਸੋਸੀਏਟ ਪ੍ਰੋਫੈਸਰ (ਆਈ.ਟੀ.) ਅਤੇ ਸਹਿ-ਕੋਆਰਡੀਨੇਟਰ

Phone / ਫ਼ੋਨ
98142-29753

Email / ਈਮੇਲ
Kamra.gne@gmail.com